# ਗੁਰੂ ਰਾਮਦਾਸ ਸਾਹਿਬ Guru RamDas Sahib

ਪ੍ਰਕਾਸ਼ ਦਿਵਸ = 9 ਅਕਤੂਬਰ 1534 (ਗ੍ਰੀਗੋਰੀਅਨ), ੨੫ ਅੱਸੂ ੦੬੬ (ਨਾਨਕਸ਼ਾਹੀ)
ਗੁਰਿਆਈ ਦਿਵਸ = 16 ਸਤੰਬਰ 1574 (ਗ੍ਰੀਗੋਰੀਅਨ), ੨ ਅੱਸੂ ੧੦੬ (ਨਾਨਕਸ਼ਾਹੀ)
ਜੋਤੀ ਜੋਤ ਦਿਵਸ = 16 ਸਤੰਬਰ 1581 (ਗ੍ਰੀਗੋਰੀਅਨ), ੨ ਅੱਸੂ ੧੧੩ (ਨਾਨਕਸ਼ਾਹੀ)

ਨਟ ਮਹਲਾ ੪ ॥ ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥ (੯੮੨)

ਗੁਰੂ ਨਾਨਕ ਸਾਹਿਬ ਨੇ ਸਾਨੂੰ ਸਾਰਿਆਂ ਨੂੰ ਸਬਦ ਗੁਰੂ ਦੇ ਲੜ ਲਾਇਆ ਹੈ। ਸਿੱਖ ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਹੀ ਗੁਰੂ ਹੈ ਤੇ ਉਸ ਵਿਚੋਂ ਜੀਵਨ ਦੇ ਸਾਰੇ ਸੁਖ (ਅੰਮ੍ਰਿਤੁ) ਪ੍ਰਾਪਤ ਕਰ ਸਕਦਾ ਹੈ। ਗੁਰੂ ਬਾਣੀ ਉਚਾਰਦਾ ਹੈ, ਗੁਰੂ ਦਾ ਸੇਵਕ ਉਸ ਬਾਣੀ ਉਤੇ ਸ਼ਰਧਾ ਧਾਰਦਾ ਹੈ। ਗੁਰਬਾਣੀ ਅਨੁਸਾਰ ਚਲਣ ਵਾਲੇ ਸੇਵਕ ਨੂੰ ਗੁਰੂ ਯਕੀਨੀ ਤੌਰ ਤੇ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘਾ ਦੇਂਦਾ ਹੈ

ਗਉੜੀ ਬੈਰਾਗਣਿ ਮਹਲਾ ੪ ॥ ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥ ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥ ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥੪॥੫॥੧੧॥੪੯॥ (੧੬੭)

ਗੁਰੂ ਰਾਮਦਾਸ ਸਾਹਿਬ ਨੂੰ ਬਚਪਨ ਵਿਚ ਮਾਤਾ ਛੱਡ ਗਈ, ਪਿਤਾ ਛੱਡ ਗਿਆ, ਇਕੱਲੇ ਰਹਿ ਗਏ, ਨਾਨੀ ਨੇ ਪਾਲਿਆ। ਗੁਰੂ ਅਮਰਦਾਸ ਸਾਹਿਬ ਦੀ ਸ਼ਰਨ ਵਿਚ ਆ ਗਏ। ਗੁਰੂ ਰਾਮਦਾਸ ਸਾਹਿਬ ਨੇ ਦੁਖ ਅਤੇ ਭੁੱਖ ਦੋਵੇਂ ਸਹਿਣ ਕੀਤੇ।

**Web = https://sites.google.com/view/sikhism/**
**http://www.geocities.ws/sarbjitsingh/,**